ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ,
ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ

ਸੇਵਾ ਵਿਖੇ

1 ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)
2 ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ
3 ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
4 ਰਾਜ ਦੇ ਸਮੂਹ ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰਜ
5 ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸਪਰਵਾਇਜ਼ਰ
6 ਰਾਜ ਦੇ ਸਮੂਹ ਮੈਥ ਮਾਸਟਰ ਟ੍ਰੇਨਰਜ ਵੈੱਬ ਸਾਈਟ ਰਾਹੀਂ

ਮੀਮੋ ਨੰ ਸਸਅ/ਟੀਬੀ/74779
ਮਿਤੀ ਚੰਡੀਗੜ੍ਹ 9 ਦਸੰਬਰ 2010

ਵਿਸ਼ਾ ਫੇਲ ਹੋਏ ਵਿਦਿਆਰਥੀਆਂ ਨੂੰ ਅਭਿਆਸ ਪੁਸਤਿਕਾਵਾਂ ਦੇਣ ਬਾਰੇ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪਿਛਲੇ ਦਿਨੀ ਪੰਜਾਬ ਰਾਜ ਦੇ ਸਕੂਲਾਂ ਦੇ ਦੌਰਿਆਂ ਅਤੇ ਸਕੂਲ ਮੁੱਖੀਆਂ ਨਾਲ ਹੋਈ ਮੀਟਿੰਗ ਦੌਰਾਨ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਆਮ ਤੌਰ ਤੇ ਸਕੂਲਾਂ ਵਿੱਚ ਫੇਲ ਹੋਏ ਵਿਦਿਆਰਥੀਆਂ ਨੂੰ ਵਰਕ ਬੁੱਕਸ ਨਹੀਂ ਦਿੱਤੀਆ ਜਾਂਦੀਆਂ ਹਨ । ਸਕੂਲ ਮੁੱਖੀਆਂ ਵੱਲੋਂ ਇਹ ਵੀ ਗੱਲ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਆਮ ਤੌਰ ਤੇ ਵਿਦਿਆਰਥੀਆਂ ਵੱਲੋਂ ਵਰਕ ਬੁੱਕਸ ਉਸੀ ਸਾਲ ਹੀ ਕੰਮ ਵਿੱਚ ਲਿਆ ਲਈਆ ਜਾਂਦੀਆਂ ਹਨ ਅਤੇ ਇਸ ਵਰਕ ਬੁੱਕ ਨੂੰ ਅਗਲੇ ਸਾਲ ਕੰਮ ਵਿੱਚ ਲਿਆਇਆ ਜਾਣਾ ਬਹੁਤ ਔਖਾ ਹੈ ।

3.0 ਸਕੂਲ ਮੁੱਖੀਆਂ ਵੱਲੋਂ ਦਿੱਤੇ ਸੁਝਾਅ ਅਨੁਸਾਰ ਆਪ ਜੀ ਨੂੰ ਲਿਖਿਆ ਜਾਦਾ ਹੈ ਕਿ ਇਸ ਤਰ੍ਹਾਂ ਦੇ ਫੇਲ ਹੋਏ ਵਿਦਿਆਰਥੀਆਂ ਨੂੰ ਵੀ ਅਭਿਆਸ ਪੁਸਤਿਕਾਵਾਂ ਨਿਯਮਾਂ ਅਨੁਸਾਰ ਮੁਹੱਈਆ ਕਰਵਾਈਆਂ ਜਾਣ । ਜੇਕਰ ਆਪ ਦੇ ਜ਼ਿਲ੍ਹੇ ਵਿੱਚ ਅਭਿਆਸ ਪੁਸਤਿਕਾਵਾਂ ਦੀ ਘਾਟ ਹੋਵੇ ਤਾਂ ਆਪਣੇ ਜ਼ਿਲੇ ਦੇ ਪੁਸਤਕ ਕੋਆਰਡੀਨੇਟਰ ਨੂੰ ਨੋਟ ਕਰਵਾਇਆ ਜਾਵੇ ਤਾਂ ਜੋ ਉਹ ਇਸ ਉਪਰੰਤ ਮੁੱਖ ਦਫਤਰ ਵਿੱਖੇ ਸ਼੍ਰੀਮਤੀ ਰੀਤੂ, ਸਹਾਇਕ ਮੈਨੇਜਰ (ਟੈਕਸਟਬੁੱਕਸ) ਨੂੰ ਟੈਲੀਫੋਨ ਨੰ 98720 81988 ਅਤੇ **ssapunjab123@gmail.com** ਤੇ ਈ-ਮੇਲ ਰਾਹੀਂ ਸੂਚਿਤ ਕਰਨ ਦੀ ਖੇਚਲ ਕੀਤੀ ਜਾਵੇ ।

3.0 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਕੀਤੀ ਜਾਵੇ ਜੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ : ਸ਼੍ਰੀਮਤੀ ਰੀਤੂ, ਸਹਾਇਕ ਮੈਨੇਜਰ (ਟੈਕਸਟਬੁੱਕਸ)